# First Trilateral Working Group Meeting between India, Iran and Uzbekistan on joint use of Chabahar Port

December 14, 2020

## ਚਾਬਹਾਰ ਬੰਦਰਗਾਹ ਦੀ ਸਾਂਝੀ ਵਰਤੋਂ ਬਾਰੇ ਭਾਰਤ, ਈਰਾਨ ਅਤੇ ਉਜ਼ਬੇਕਿਸਤਾਨ ਦੇ ਤਿਕੋਣੇ ਕਾਰਕਾਰੀ ਸਮੂਹ ਦੀ ਪਹਿਲੀ ਬੈਠਕ

14 ਦਸੰਬਰ, 2020

1. ਚਾਬਹਾਰ ਬੰਦਰਗਾਹ ਦੀ ਸਾਂਝੀ ਵਰਤੋਂ ਬਾਰੇ ਭਾਰਤ, ਈਰਾਨ ਅਤੇ ਉਜ਼ਬੇਕਿਸਤਾਨ ਦੇ ਤਿਕੋਣੇ ਕਾਰਜਕਾਰੀ ਸਮੂਹ ਦੀ ਪਹਿਲੀ ਬੈਠਕ ਵਰਚੁਅਲ ਮਾਧਿਅਮ ਰਾਹੀਂ 14 ਦਸੰਬਰ, 2020 ਨੂੰ ਹੋਈ।

2. ਇਸ ਬੈਠਕ ਦੀ ਸਹਿ- ਪ੍ਰਧਾਨਗੀ ਭਾਰਤ ਸਰਕਾਰ ਦੇ ਸਕੱਤਰ (ਜਹਾਜ਼ਰਾਣੀ) ਸ਼ੀ ਸੰਜੀਵ ਰੰਜਨ, ਉਜ਼ਬੇਕਿਸਤਾਨ ਗਣਰਾਜ ਦੇ ਆਵਾਜਾਈ ਮੰਤਰੀ ਸ਼੍ਰੀ ਡੀ. ਦੇਹਕਾਨੋਵ ਅਤੇ ਇਰਾਨੀ ਇਸਲਾਮਿਕ ਗਣਰਾਜ ਦੇ ਆਵਾਜਾਈ ਉਪ ਮੰਤਰੀ ਸ਼੍ਰੀ ਸ਼ਾਹਰਾਮ ਆਦਮਨੇਜਾਦ ਨੇ ਕੀਤੀ।

3. ਬੈਠਕ ਦੌਰਾਨ ਭਾਗੀਦਾਰਾਂ ਨੇ ਵਪਾਰ ਅਤੇ ਆਵਾਜਾਈ ਦੇ ਉਦੇਸ਼ਾਂ ਲਈ ਚਾਬਹਾਰ ਪੋਰਟ ਦੀ ਸਾਂਝੀ ਵਰਤੋਂ ਕਰਨ ਅਤੇ ਖੇਤਰੀ ਸੰਪਰਕ ਵਧਾਉਣ ਬਾਰੇ ਵਿਚਾਰ ਵਟਾਂਦਰੇ ਕੀਤੇV ਸਾਰੇ ਧਿਰਾਂ ਨੇ COVID ਮਹਾਂਮਾਰੀ ਦੌਰਾਨ ਮਨੁੱਖੀ ਸਹਾਇਤਾ ਪ੍ਰਦਾਨ ਕਰਨ ਵਿੱਚ ਚਾਬਹਾਰ ਬੰਦਰਗਾਹ ਵੱਲੋਂ ਪਾਏ ਗਏ ਮਹੱਤਵਪੂਰਣ ਯੋਗਦਾਨ ਦੀ ਗੱਲ ਕੀਤੀ।

4. ਸਾਰੇ ਪੱਖਾਂ ਨੇ ਜਨਵਰੀ, 2021 ਵਿੱਚ ਭਾਰਤ ਦੁਆਰਾ ਕਰਾਏ ਜਾ ਰਹੇ ਅੰਤਰਰਾਸ਼ਟਰੀ ਸਮੁੰਦਰੀ ਸੰਮੇਲਨ ਦੇ ਮੌਕੇ 'ਤੇ "ਚਾਬਹਾਰ ਦਿਵਸ" ਮਨਾਏ ਜਾਣ ਸਬੰਧੀ ਭਾਰਤੀ ਤਜਵੀਜ਼ ਦਾ ਸਵਾਗਤ ਕੀਤਾ।

5. ਇਹ ਬੈਠਕ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਉਜ਼ਬੇਕਿਸਤਾਨ ਦੇ ਰਾਸ਼ਟਰਪਤੀ ਮਹਾਮਹਿਮ ਸ਼ਾਵਕਤ ਮਿਰਜ਼ੀਯੋਯੇਵ ਦਰਮਿਆਨ 11 ਦਸੰਬਰ, 2020 ਨੂੰ ਹੋਏ ਸਿਖਰ ਸੰਮੇਲਨ ਦੇ ਫਾਲੋ-ਅਪ ਵਜੋਂ ਹੋਈ।

ਨਵੀਂ ਦਿਲੀ
14 ਦਸੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.